# ਸਮਾਂ ਨਾ ਲੰਘਾਓ ਟੀਕਾ ਲਗਵਾਓ

# ਫਲੂ ਨੂੰ ਦੂਰ ਭਜਾਓ



Centre for Health Protection

2125 2125

www.chp.gov.hk

Department of Health



## ਮੌਸਮੀ ਇਨਫਲੂਏਂਜ਼ਾ ਕੀ ਹੈ?

ਮੌਸਮੀ ਇਨਫਲੂਏਂਜ਼ਾ ਸਾਹ ਨਲੀ ਦੀ ਇੱਕ ਤੀਬਰ ਬਿਮਾਰੀ ਹੈ ਜੋ ਇਨਫਲੂਏਂਜ਼ਾ ਵਾਇਰਸਾਂ ਕਾਰਨ ਹੁੰਦੀ ਹੈ। ਇਨਫਲੂਏਂਜ਼ਾ ਵਾਇਰਸ ਮੁੱਖ ਤੌਰ 'ਤੇ ਸਾਹ ਦੇ ਡ੍ਰੋਪਲੈਟਸ ਦੁਆਰਾ ਫੈਲਦੇ ਹਨ। ਮੌਸਮੀ ਇਨਫਲੂਏਂਜ਼ਾ ਬੁਖਾਰ, ਗਲੇ ਵਿੱਚ ਖਰਾਸ਼, ਖੰਘ, ਨੱਕ ਵਗਣਾ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ ਅਤੇ ਆਮ ਥਕਾਵਟ ਵਰਗੇ ਲੱਛਣ ਪ੍ਰਗਟ ਕਰਦਾ ਹੈ। ਲੱਛਣ ਆਮ ਤੌਰ 'ਤੇ ਆਪਣੇ ਆਪ ਹੀ ਖਤਮ ਹੋ ਜਾਂਦੇ ਹਨ। ਹਾਲਾਂਕਿ, ਮੌਸਮੀ ਇਨਫਲੂਏਂਜ਼ਾ ਬਜ਼ੁਰਗਾਂ ਅਤੇ ਕਮਜ਼ੋਰ ਪ੍ਰਤੀਰੋਧਕ ਸ਼ਕਤੀ ਵਾਲੇ ਵਿਅਕਤੀਆਂ ਵਿੱਚ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ, ਅਤੇ ਇਸਦੇ ਨਤੀਜੇ ਵਜੋਂ ਸਾਹ ਨਲੀ ਦੀ ਸੋਜ਼ਿਸ਼, ਨਮੂਨੀਆ, ਐਨਸੇਫੈਲੋਪੈਥੀ, ਜਾਂ ਮੌਤ ਵੀ ਹੋ ਸਕਦੀ ਹੈ। ਸਿਹਤਮੰਦ ਵਿਅਕਤੀਆਂ ਵਿੱਚ ਗੰਭੀਰ ਲਾਗ ਅਤੇ ਇਨਫਲੂਏਂਜ਼ਾ ਨਾਲ ਸਬੰਧਤ ਪੇਚੀਦਗੀਆਂ ਵੀ ਹੋ ਸਕਦੀਆਂ ਹਨ।

## ਮੌਸਮੀ ਇਨਫਲੂਏਂਜ਼ਾ ਦੀ **ਰੋਕਥਾਮ** ਕਿਵੇਂ ਕੀਤਾ ਜਾ ਸਕਦਾ ਹੈ?

ਮੌਸਮੀ ਇਨਫਲੂਏਂਜ਼ਾ ਤੋਂ ਰੋਕਥਾਮ ਲਈ, ਹਰ ਵਿਅਕਤੀ ਨੂੰ ਮੌਸਮੀ ਇਨਫਲੂਏਂਜ਼ਾ ਟੀਕਾਕਰਨ (SIV) ਜਲਦੀ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਚੰਗੀ ਨਿੱਜੀ ਅਤੇ ਵਾਤਾਵਰਣਕ ਸਫਾਈ ਬਣਾਈ ਰੱਖਣੀ ਚਾਹੀਦੀ ਹੈ।

## ਮੌਸਮੀ ਇਨਫਲੂਏਂਜ਼ਾ ਟੀਕਾਕਰਨ (SIV) ਲਗਵਾਉਣਾ **ਮਹੱਤਵਪੂਰਨ** ਕਿਉਂ ਹੈ?

SIV ਮੌਸਮੀ ਇਨਫਲੂਏਂਜ਼ਾ ਅਤੇ ਇਸ ਦੀਆਂ ਪੇਚੀਦਗੀਆਂ ਤੋਂ ਰੋਕਥਾਮ ਦੇ ਨਾਲ-ਨਾਲ ਇਨਫਲੂਏਂਜ਼ਾ ਨਾਲ ਸਬੰਧਤ ਹਸਪਤਾਲ ਵਿੱਚ ਦਾਖਲੇ ਅਤੇ ਮੌਤ ਨੂੰ ਘਟਾਉਣ ਦੇ ਪ੍ਰਭਾਵਸ਼ਾਲੀ ਸਾਧਨਾਂ ਵਿੱਚੋਂ ਇੱਕ ਹੈ।



## ਕੀ **ਹਰ ਸਾਲ** ਮੌਸਮੀ ਇਨਫਲੂਏਂਜ਼ਾ ਦੇ ਲਈ ਟੀਕਾ ਲਗਵਾਉਣਾ ਜ਼ਰੂਰੀ ਹੈ?

ਹਾਂ। ਮੌਸਮੀ ਇਨਫਲੂਏਂਜ਼ਾ ਦੇ ਅਲੱਗ ਅਲੱਗ ਤਰ੍ਹਾਂ ਦੇ ਸਟ੍ਰੇਨ ਸਮੇਂ-ਸਮੇਂ 'ਤੇ ਬਦਲ ਸਕਦੇ ਹਨ ਅਤੇ ਸੁਰੱਖਿਆ ਨੂੰ ਵਧਾਉਣ ਲਈ ਟੀਕੇ ਦੀ ਰਚਨਾ ਹਰ ਸਾਲ ਵੱਖਰੇ ਸਟ੍ਰੇਨ ਦੇ ਅਨੁਸਾਰ ਅਪਡੇਟ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਅਧਿਐਨਾਂ ਨੇ ਦਿਖਾਇਆ ਹੈ ਕਿ ਮੌਜੂਦਾ ਸੀਜ਼ਨ ਅਤੇ ਪਿਛਲੇ ਸੀਜ਼ਨ ਦੋਵਾਂ ਵਿੱਚ ਫਲੂ ਦੇ ਲਈ ਟੀਕਾਕਰਨ ਕਰਵਾਉਣਾ ਪਿਛਲੇ ਸੀਜ਼ਨ ਵਿੱਚ ਬਿਲਕੁਲ ਵੀ ਟੀਕਾਕਰਨ ਨਾ ਕਰਵਾਉਣ ਜਾਂ ਸਿਰਫ਼ ਟੀਕਾਕਰਨ ਲੈਣ ਦੇ ਮੁਕਾਬਲੇ ਬਿਹਤਰ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਲਈ, ਹਰ ਸਾਲ ਬਾਅਦ SIV ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

## ਮੌਸਮੀ ਇਨਫਲੂਏਂਜ਼ਾ ਟੀਕਾਕਰਨ (SIV) ਕਿਸਨੂੰ ਲਗਵਾਉਣਾ ਚਾਹੀਦਾ ਹੈ?


ਇਹ ਦੇਖਦੇ ਹੋਏ ਕਿ ਮੌਸਮੀ ਇਨਫਲੂਏਂਜ਼ਾ ਟੀਕਾਕਰਨ ਕਲੀਨਿਕਲ ਇਨਫਲੂਏਂਜ਼ਾ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਗੰਭੀਰ ਮਾਮਲੇ ਸਿਹਤਮੰਦ ਵਿਅਕਤੀਆਂ ਵਿੱਚ ਵੀ ਹੁੰਦੇ ਹਨ, **6 ਮਹੀਨੇ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਜਨਤਾ ਦੇ ਮੈਂਬਰਾਂ ਨੂੰ**, ਜਾਣੇ-ਪਛਾਣੇ ਉਲਟ-ਪ੍ਰਭਾਵਾਂ ਵਾਲੇ ਲੋਕਾਂ ਨੂੰ ਛੱਡ ਕੇ, ਨਿੱਜੀ ਸੁਰੱਖਿਆ ਲਈ ਸਾਲਾਨਾ SIV ਪ੍ਰਾਪਤ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ, ਕੁਝ ਸਮੂਹਾਂ ਵਿੱਚ ਗੰਭੀਰ ਇਨਫਲੂਏਂਜ਼ਾ ਹੋਣ ਜਾਂ ਉੱਚ-ਜੋਖਮ ਵਾਲੇ ਵਿਅਕਤੀਆਂ ਵਿੱਚ ਇਨਫਲੂਏਂਜ਼ਾ ਵਾਇਰਸ ਸੰਚਾਰਿਤ ਹੋਣ ਦਾ ਜੋਖਮ ਵੱਧ ਗਿਆ ਹੋਵੇ। ਇਹਨਾਂ ਸਮੂਹਾਂ ਨੂੰ SIV ਪ੍ਰਾਪਤ ਕਰਨ ਵਿੱਚ ਉੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।


**ਟੀਕਾਕਰਣ ਦੁਆਰਾ ਰੋਕਥਾਮ ਵਾਲੀਆਂ ਬਿਮਾਰੀਆਂ ਬਾਰੇ ਵਿਗਿਆਨਕ ਕਮੇਟੀ (SCVPD) ਦੁਆਰਾ ਸਿਫ਼ਾਰਸ਼ ਕੀਤੇ ਗਏ ਤਰਜੀਹੀ ਸਮੂਹ:**



ਸਿਹਤ ਸੰਭਾਲ ਕਾਮੇ



50 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਵਿਅਕਤੀ



ਗਰਭਵਤੀ ਔਰਤਾਂ



ਰਿਹਾਇਸ਼ੀ ਦੇਖਭਾਲ ਘਰਾਂ ਦੇ ਨਿਵਾਸੀ



ਪੁਰਾਣੀ ਸਿਹਤ ਸਮੱਸਿਆ ਵਾਲੇ ਵਿਅਕਤੀ ▲



6 ਮਹੀਨਿਆਂ ਤੋਂ ਵੱਡੇ ਅਤੇ 18 ਸਾਲਾਂ ਤੋਂ ਛੋਟੀ ਉਮਰ ਵਾਲੇ ਬੱਚੇ ਅਤੇ ਕਿਸ਼ੋਰ



ਮੁਰਗੀਪਾਲਣ ਕਾਮੇ



ਸੂਰ ਪਾਲਕ ਅਤੇ ਸੂਰ ਕਸਾਈ ਉਦਯੋਗ ਵਾਲੇ ਕਾਮੇ

▲ 18 ਤੋਂ 49 ਸਾਲ ਦੀ ਉਮਰ ਦੇ ਵਿਅਕਤੀ ਜਿਨ੍ਹਾਂ ਨੂੰ ਪੁਰਾਣੀਆਂ ਸਿਹਤ ਸਮੱਸਿਆਵਾਂ ਹਨ, ਉਹ ਮੁਫ਼ਤ/ਸਬਸਿਡੀ ਵਾਲਾ ਮੌਸਮੀ ਇਨਫਲੂਏਂਜ਼ਾ ਟੀਕਾਕਰਨ ਪ੍ਰਾਪਤ ਕਰ ਸਕਦੇ ਹਨ।

# 疫苗接種計劃 Vaccination Schemes

Vaccination Schemes

## ਹਾਂਗ ਕਾਂਗ ਦੇ ਨਿਵਾਸੀਆਂ ਲਈ ਟੀਕਾਕਰਨ ਪ੍ਰਬੰਧ

ਸਰਕਾਰ ਹਾਂਗ ਕਾਂਗ ਦੇ ਯੋਗ ਨਿਵਾਸੀਆਂ ਨੂੰ ਮੁਫ਼ਤ ਜਾਂ ਸਬਸਿਡੀ ਵਾਲਾ SIV ਪ੍ਰਦਾਨ ਕਰਨ ਲਈ ਸਰਕਾਰੀ ਟੀਕਾਕਰਨ ਪ੍ਰੋਗਰਾਮ (GVP) ਅਤੇ ਟੀਕਾਕਰਨ ਸਬਸਿਡੀ ਸਕੀਮ (VSS) ਲਾਗੂ ਕਰਦੀ ਹੈ। ਵੇਰਵਿਆਂ ਲਈ, ਕਿਰਪਾ ਕਰਕੇ ਸਿਹਤ ਵਿਭਾਗ ਦੇ ਸਿਹਤ ਸੁਰੱਖਿਆ ਕੇਂਦਰ ਦੇ 'ਟੀਕਾਕਰਨ ਯੋਜਨਾਵਾਂ' ਵੈੱਬਪੇਜ 'ਤੇ ਜਾਓ।

# 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪ੍ਰਾਪਤਕਰਤਾਵਾਂ ਨੂੰ ਈ-ਹੈਲਥ ਤੇ ਰਜਿਸਟਰ ਕਰਨਾ ਲਾਜ਼ਮੀ ਹੈ।



Children and Adolescents



Pregnant Women



Persons Aged 50 Years or Above

ਜਨਤਾ ਦੇ ਮੈਂਬਰ ਨਿੱਜੀ ਸੁਰੱਖਿਆ ਲਈ SIV ਪ੍ਰਾਪਤ ਕਰਨ ਲਈ ਆਪਣੇ ਪਰਿਵਾਰਕ ਡਾਕਟਰਾਂ ਨਾਲ ਸਲਾਹ ਕਰ ਸਕਦੇ ਹਨ।

ਸੂਚਿਤ ਸਹਿਮਤੀ ਦੇ ਤਹਿਤ ਇੱਕੋ ਵਿਜ਼ਿਟ ਦੌਰਾਨ ਇਨਫਲੂਏਂਜ਼ਾ ਟੀਕਾ COVID-19 ਟੀਕੇ ਦੇ ਨਾਲ ਲਗਾਇਆ ਜਾ ਸਕਦਾ ਹੈ। ਇਨਫਲੂਏਂਜ਼ਾ ਟੀਕਾਕਰਨ ਅਤੇ COVID-19 ਟੀਕਾਕਰਨ ਪ੍ਰਾਪਤ ਕਰਨ ਨਾਲ ਹਸਪਤਾਲ ਵਿੱਚ ਭਰਤੀ ਹੋਣ ਅਤੇ ਠਹਿਰਨ ਦੀ ਲੰਬਾਈ ਦੀ ਸੰਭਾਵਨਾ ਘੱਟ ਸਕਦੀ ਹੈ।

ਜੇਕਰ ਅੰਗਰੇਜ਼ੀ ਸੰਸਕਰਣ ਅਤੇ ਕਿਸੇ ਅਨੁਵਾਦਿਤ ਸੰਸਕਰਣ ਵਿੱਚ ਕੋਈ ਮਤਭੇਦ ਜਾਂ ਅਸਪੱਸ਼ਟਤਾ ਹੋਵੇ, ਤਾਂ ਅੰਗਰੇਜ਼ੀ ਸੰਸਕਰਣ ਹੀ ਮੰਨਣਯੋਗ ਹੋਵੇਗਾ।

ਸਿਹਤ ਵਿਭਾਗ
Version 1

# ਇਨਫਲੂਏਂਜ਼ਾ ਟੀਕੇ ਬਾਰੇ ਵਧੇਰੇ ਜਾਣੋ

**ਇਨਐਕਟੀਵੇਟਿਡ ਇਨਫਲੂਏਂਜ਼ਾ ਟੀਕਾ**, **ਲਾਈਵ-ਐਟੈਨਿਊਏਟਡ ਇਨਫਲੂਏਂਜ਼ਾ ਟੀਕਾ** ਅਤੇ **ਰੀਕੌਂਬੀਨੈਂਟ ਇਨਫਲੂਏਂਜ਼ਾ ਟੀਕਾ** ਇਨਫਲੂਏਂਜ਼ਾ ਤੋਂ ਬਚਾਅ ਲਈ ਸਾਰੇ ਪ੍ਰਭਾਵਸ਼ਾਲੀ ਟੀਕੇ ਹਨ। SCVPD ਦੁਆਰਾ ਹਾਂਗ ਕਾਂਗ ਵਿੱਚ ਵਰਤੋਂ ਲਈ ਇਹਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

<table>
<tr><th></th><th>ਇਨਐਕਟੀਵੇਟਿਡ<br>ਇਨਫਲੂਏਂਜ਼ਾ ਟੀਕਾ (IIV)</th><th>ਲਾਈਵ-ਐਟੈਨਿਊਏਟਡ<br>ਇਨਫਲੂਏਂਜ਼ਾ ਟੀਕਾ (LAIV)</th><th>ਰੀਕੌਂਬੀਨੈਂਟ<br>ਇਨਫਲੂਏਂਜ਼ਾ ਟੀਕਾ (RIV)</th></tr>
<tr><td>ਸਿਫਾਰਿਸ਼ ਕੀਤੀ ਉਮਰ</td><td>6 ਮਹੀਨੇ ਅਤੇ ਉਸਤੋਂ ਵੱਧ</td><td>2 ਤੋਂ 49 ਸਾਲ</td><td>18 ਸਾਲ ਅਤੇ ਉਸਤੋਂ ਉੱਪਰ</td></tr>
<tr><td>ਲਗਾਉਣ ਦਾ ਸਥਾਨ</td><td>ਇੰਟਰਾਮਸਕੁਲਰ ਇੰਜੈਕਸ਼ਨ<br>(ਕੁਝ ਮਾਮਲਿਆਂ ਵਿੱਚ ਸਬਕਿਊਟੇਨੀਅਸ ਇੰਜੈਕਸ਼ਨ)</td><td>ਨੱਕ ਵਿੱਚ</td><td>ਇੰਟਰਾਮਸਕੂਲਰ ਇੰਜੈਕਸ਼ਨ</td></tr>
<tr><td>ਘਟਕ</td><td>● ਇਸ ਵਿੱਚ ਅਕ੍ਰਿਆਸ਼ੀਲ (ਮਾਰੇ ਗਏ) ਇਨਫਲੂਏਂਜ਼ਾ ਵਾਇਰਸ ਹੁੰਦੇ ਹਨ</td><td>● ਇਸ ਵਿੱਚ ਕਮਜ਼ੋਰ ਵਾਇਰਸ ਹੁੰਦੇ ਹਨ</td><td>● ਰੀਕੌਂਬੀਨੈਂਟ ਤਕਨਾਲੋਜੀ ਦੁਆਰਾ ਤਿਆਰ ਕੀਤਾ ਜਾਂਦਾ ਹੈ ਅਤੇ ਉਤਪਾਦਨ ਪ੍ਰਕਿਰਿਆ ਵਿੱਚ ਅੰਡੇ ਜਾਂ ਇਨਫਲੂਏਂਜ਼ਾ ਵਾਇਰਸ ਦੀ ਲੋੜ ਨਹੀਂ ਹੁੰਦੀ ਹੈ।</td></tr>
<tr><td>ਖੁਰਾਕ ਦਾ ਸਮਾਂ</td><td colspan="3">● ਟੀਕਾਕਰਨ ਤੋਂ ਬਾਅਦ, ਐਂਟੀਬਾਡੀਜ਼ ਨੂੰ ਵਿਕਸਤ ਹੋਣ ਅਤੇ ਇਨਫਲੂਏਂਜ਼ਾ ਵਾਇਰਸ ਤੋਂ ਸੁਰੱਖਿਅਤ ਹੋਣ ਲਈ ਲਗਭਗ ਦੋ ਹਫ਼ਤੇ ਲੱਗਦੇ ਹਨ<br>● ਸਰਦੀਆਂ ਅਤੇ ਗਰਮੀਆਂ ਦੇ ਇਨਫਲੂਏਂਜ਼ਾ ਦੋਵਾਂ ਮੌਸਮਾਂ ਲਈ ਸੁਰੱਖਿਆ ਪ੍ਰਾਪਤ ਕਰਨ ਲਈ ਹਰ ਮੌਸਮ ਵਿੱਚ ਇੱਕ ਵਾਰ ਪ੍ਰਾਪਤ ਕਰੋ<br>● 9 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ: ਸਿੰਗਲ ਖੁਰਾਕ<br>● 9 ਸਾਲ ਤੋਂ ਘੱਟ ਉਮਰ ਦੇ ਬੱਚੇ:<br>○ ਇਸ ਸੀਜ਼ਨ ਵਿੱਚ ਇੱਕ ਖੁਰਾਕ ਉਹਨਾਂ ਲੋਕਾਂ ਲਈ ਜਿਨ੍ਹਾਂ ਨੇ ਪਹਿਲਾਂ ਮੌਸਮੀ ਇਨਫਲੂਏਂਜ਼ਾ ਟੀਕਾ ਲਗਾਇਆ ਹੈ<br>○ ਜਿਨ੍ਹਾਂ ਨੇ ਪਹਿਲਾਂ ਮੌਸਮੀ ਇਨਫਲੂਏਂਜ਼ਾ ਟੀਕਾ ਨਹੀਂ ਲਗਾਇਆ ਹੈ, ਉਨ੍ਹਾਂ ਲਈ ਘੱਟੋ-ਘੱਟ 28 ਦਿਨਾਂ ਦੇ ਅੰਤਰਾਲ ਨਾਲ ਦੋ ਖੁਰਾਕਾਂ</td></tr>
<tr><td rowspan="2">ਹੋਰ ਟੀਕਿਆਂ ਦੇ ਨਾਲ ਇੱਕੋ ਸਮੇਂ ਲਗਾਉਣਾ*</td><td>● ਹੋਰ ਅਕਿਰਿਆਸ਼ੀਲ ਜਾਂ ਲਾਈਵ ਟੀਕੇ ਉਸੇ ਦਿਨ ਜਾਂ ਕਿਸੇ ਵੀ ਅੰਤਰਾਲ 'ਤੇ ਦਿੱਤੇ ਜਾ ਸਕਦੇ ਹਨ<br>● ਜੇਕਰ ਉਸੇ ਦਿਨ ਦਿੱਤੇ ਜਾਂਦੇ ਹਨ, ਤਾਂ ਟੀਕਾ ਵੱਖ-ਵੱਖ ਥਾਵਾਂ 'ਤੇ ਲਗਾਇਆ ਜਾਣਾ ਚਾਹੀਦਾ ਹੈ।</td><td>● ਹੋਰ ਲਾਈਵ ਟੀਕੇ ਜੇ ਇੱਕੋ ਦਿਨ ਨਹੀਂ ਲਗਾਏ ਜਾਣੇ ਚਾਹੀਦੇ, ਘੱਟੋ ਘੱਟ 28 ਦਿਨਾਂ ਦੇ ਅੰਤਰਾਲ 'ਤੇ ਲਗਾਏ ਜਾਣੇ ਚਾਹੀਦੇ ਹਨ<br>● ਹੋਰ ਅਕਿਰਿਆਸ਼ੀਲ ਟੀਕੇ ਉਸੇ ਦਿਨ ਜਾਂ ਕਿਸੇ ਵੀ ਅੰਤਰਾਲ 'ਤੇ ਲਗਾਏ ਜਾ ਸਕਦੇ ਹਨ।।</td><td>● ਹੋਰ ਅਕਿਰਿਆਸ਼ੀਲ ਜਾਂ ਲਾਈਵ ਟੀਕੇ ਉਸੇ ਦਿਨ ਜਾਂ ਕਿਸੇ ਵੀ ਅੰਤਰਾਲ 'ਤੇ ਦਿੱਤੇ ਜਾ ਸਕਦੇ ਹਨ<br>● ਜੇਕਰ ਉਸੇ ਦਿਨ ਦਿੱਤੇ ਜਾਂਦੇ ਹਨ, ਤਾਂ ਟੀਕਾ ਵੱਖ-ਵੱਖ ਥਾਵਾਂ 'ਤੇ ਲਗਾਇਆ ਜਾਣਾ ਚਾਹੀਦਾ ਹੈ।</td></tr>
<tr><td colspan="3">*COVID-19 ਟੀਕਾ ਅਤੇ ਮੌਸਮੀ ਇਨਫਲੂਏਂਜ਼ਾ ਟੀਕਾ ਸੂਚਿਤ ਸਹਿਮਤੀ ਦੇ ਤਹਿਤ ਉਸੇ ਦੌਰੇ 'ਤੇ ਦਿੱਤੀ ਜਾ ਸਕਦੀ ਹੈ।</td></tr>
<tr><td>ਅੰਡੇ ਤੋਂ ਐਲਰਜੀ ਵਾਲੇ ਵਿਅਕਤੀ</td><td colspan="2">● ਆਮ ਤੌਰ 'ਤੇ ਟੀਕਾਕਰਨ ਕਰਵਾਉਣਾ ਸੁਰੱਖਿਅਤ ਹੈ<br>● ਹਲਕੀ ਐਲਰਜੀ: ਪ੍ਰਾਇਮਰੀ ਕੇਅਰ ਸੈਟਿੰਗਾਂ ਵਿੱਚ ਟੀਕਾਕਰਨ ਕਰਵਾਇਆ ਜਾ ਸਕਦਾ ਹੈ<br>● ਗੰਭੀਰ ਐਲਰਜੀ: ਗੰਭੀਰ ਐਲਰਜੀ ਪ੍ਰਤੀਕ੍ਰਿਆਵਾਂ ਨੂੰ ਪਛਾਣਨ ਅਤੇ ਪ੍ਰਬੰਧਨ ਕਰਨ ਦੀ ਸਮਰੱਥਾ ਵਾਲੇ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਢੁਕਵੇਂ ਡਾਕਟਰੀ ਸਹੂਲਤਾਂ ਵਿੱਚ ਟੀਕਾਕਰਨ ਕਰਵਾਇਆ ਜਾਣਾ ਚਾਹੀਦਾ ਹੈ।</td><td>● ਆਮ ਤੌਰ 'ਤੇ ਟੀਕਾਕਰਨ ਕਰਵਾਉਣਾ ਸੁਰੱਖਿਅਤ ਹੈ ਕਿਉਂਕਿ ਇਸ ਵਿੱਚ ਅੰਡੇ ਦਾ ਪ੍ਰੋਟੀਨ ਨਹੀਂ ਹੁੰਦਾ।</td></tr>
<tr><td rowspan="2">ਉਲਟ-ਪ੍ਰਭਾਵ<br>(ਉਹ ਹਾਲਾਤ ਜੋ SIV ਲਈ ਢੁਕਵੇਂ ਨਹੀਂ)**</td><td>● ਕਿਸੇ ਵੀ ਟੀਕੇ ਦੇ ਹਿੱਸੇ ਪ੍ਰਤੀ ਜਾਂ ਕਿਸੇ ਵੀ ਇਨਫਲੂਏਂਜ਼ਾ ਟੀਕੇ ਦੀ ਪਿਛਲੀ ਖੁਰਾਕ ਤੋਂ ਬਾਅਦ ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਦਾ ਇਤਿਹਾਸ<br>● ਜਿਨ੍ਹਾਂ ਲੋਕਾਂ ਨੂੰ ਖੂਨ ਵਹਿਣ ਦੀਆਂ ਬਿਮਾਰੀਆਂ ਹਨ ਜਾਂ ਐਂਟੀਕੋਆਗੂਲੈਂਟਸ ਲੈ ਰਹੇ ਹਨ, ਉਨ੍ਹਾਂ ਨੂੰ ਸਲਾਹ ਲਈ ਆਪਣੇ ਡਾਕਟਰਾਂ ਨਾਲ ਵਿਚਾਰ ਕਰਨੀ ਚਾਹੀਦੀ ਹੈ।</td><td>● ਟੀਕੇ ਦੇ ਕਿਸੇ ਵੀ ਹਿੱਸੇ ਪ੍ਰਤੀ ਜਾਂ ਕਿਸੇ ਵੀ ਇਨਫਲੂਏਂਜ਼ਾ ਟੀਕੇ ਦੀ ਪਿਛਲੀ ਖੁਰਾਕ ਤੋਂ ਬਾਅਦ ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਦਾ ਇਤਿਹਾਸ<br>● ਬੱਚਿਆਂ ਅਤੇ ਕਿਸ਼ੋਰਾਂ ਵਿੱਚ ਐਸਪਰੀਨ ਜਾਂ ਸੈਲੀਸਾਈਲੇਟ-ਯੁਕਤ ਥੈਰੇਪੀ<br>● 2 ਸਾਲ ਤੋਂ 4 ਸਾਲ ਦੇ ਬੱਚੇ ਜਿਨ੍ਹਾਂ ਨੂੰ ਦਮਾ ਹੈ ਜਾਂ ਜਿਨ੍ਹਾਂ ਨੂੰ ਪਿਛਲੇ 12 ਮਹੀਨਿਆਂ ਵਿੱਚ ਘਰਘਰਾਹਟ ਦਾ ਇਤਿਹਾਸ ਰਿਹਾ ਹੈ<br>● ਉਹ ਵਿਅਕਤੀ ਜੋ ਕਿਸੇ ਵੀ ਕਾਰਨ ਕਰਕੇ ਇਮਯੂਨੋਸਪ੍ਰੈਸਡ ਹਨ<br>● ਗੰਭੀਰ ਤੌਰ 'ਤੇ ਇਮਯੂਨੋਸਪ੍ਰੈਸਡ ਵਿਅਕਤੀਆਂ ਦੇ ਨਜ਼ਦੀਕੀ ਸੰਪਰਕ ਅਤੇ ਦੇਖਭਾਲ ਕਰਨ ਵਾਲੇ ਜਿਨ੍ਹਾਂ ਨੂੰ ਸੁਰੱਖਿਅਤ ਵਾਤਾਵਰਣ ਦੀ ਲੋੜ ਹੁੰਦੀ ਹੈ<br>● ਗਰਭ ਅਵਸਥਾ<br>● ਪਿਛਲੇ 48 ਘੰਟਿਆਂ ਦੇ ਅੰਦਰ ਇਨਫਲੂਏਂਜ਼ਾ ਐਂਟੀਵਾਇਰਲ ਦਵਾਈ ਲੈਣਾ</td><td>● ਕਿਸੇ ਵੀ ਟੀਕੇ ਦੇ ਹਿੱਸੇ ਪ੍ਰਤੀ ਜਾਂ ਕਿਸੇ ਵੀ ਇਨਫਲੂਏਂਜ਼ਾ ਟੀਕੇ ਦੀ ਪਿਛਲੀ ਖੁਰਾਕ ਤੋਂ ਬਾਅਦ ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਦਾ ਇਤਿਹਾਸ<br>● ਜਿਨ੍ਹਾਂ ਲੋਕਾਂ ਨੂੰ ਖੂਨ ਵਹਿਣ ਦੀਆਂ ਬਿਮਾਰੀਆਂ ਹਨ ਜਾਂ ਐਂਟੀਕੋਆਗੂਲੈਂਟਸ ਲੈ ਰਹੇ ਹਨ, ਉਨ੍ਹਾਂ ਨੂੰ ਸਲਾਹ ਲਈ ਆਪਣੇ ਡਾਕਟਰਾਂ ਨਾਲ ਸਲਾਹ ਕਰਨੀ ਚਾਹੀਦੀ ਹੈ।</td></tr>
<tr><td colspan="3">**ਬੁਖਾਰ ਵਾਲੇ ਵਿਅਕਤੀਆਂ ਨੂੰ ਠੀਕ ਹੋਣ ਤੱਕ ਟੀਕਾਕਰਨ ਨੂੰ ਟਾਲ ਦੇਣਾ ਚਾਹੀਦਾ ਹੈ।</td></tr>
<tr><td rowspan="2">ਸੰਭਾਵਿਤ ਦੁਸ਼-ਪ੍ਰਭਾਵ***</td><td>● ਸਥਾਨਕ ਪ੍ਰਤੀਕਿਰਿਆਵਾਂ:<br>○ ਦਰਦ<br>○ ਲਾਲੀ ਅਤੇ ਸੋਜ਼ਿਸ਼<br>● ਹੋਰ ਲੱਛਣ:<br>○ ਬੁਖਾਰ<br>○ ਠੰਡ ਲੱਗਣਾ<br>○ ਥਕਾਵਟ<br>○ ਮਾਸਪੇਸ਼ੀਆਂ ਦਾ ਦਰਦ</td><td>● ਨੱਕ ਬੰਦ ਹੋਣਾ ਜਾਂ ਨੱਕ ਵਗਣਾ<br>● ਬੁਖਾਰ<br>● ਗਲੇ ਵਿੱਚ ਖਰਾਸ਼<br>● ਘਰਘਰਾਹਟ ਦਾ ਵਧਿਆ ਹੋਇਆ ਜੋਖਮ (ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਵਾਰ-ਵਾਰ ਘਰਘਰਾਹਟ ਜਾਂ ਦਮੇ ਵਾਲੇ ਕਿਸੇ ਵੀ ਉਮਰ ਦੇ ਵਿਅਕਤੀ)</td><td>● ਸਥਾਨਕ ਪ੍ਰਤੀਕਿਰਿਆਵਾਂ:<br>○ ਦਰਦ<br>○ ਲਾਲੀ ਅਤੇ ਸੋਜ਼ਿਸ਼<br>● ਹੋਰ ਲੱਛਣ:<br>○ ਬੁਖਾਰ<br>○ ਠੰਡ ਲੱਗਣਾ<br>○ ਥਕਾਵਟ<br>○ ਮਾਸਪੇਸ਼ੀਆਂ ਦਾ ਦਰਦ</td></tr>
<tr><td colspan="3">***SIV ਦੇ ਦੁਸ਼ ਪ੍ਰਭਾਵ ਆਮ ਤੌਰ 'ਤੇ ਹਲਕੇ ਅਤੇ ਅਸਥਾਈ ਹੁੰਦੇ ਹਨ। ਜੇਕਰ ਤੁਹਾਨੂੰ SIV ਲੈਣ ਤੋਂ ਬਾਅਦ ਲਗਾਤਾਰ ਬੁਖਾਰ, ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ (ਜਿਵੇਂ ਕਿ ਸਾਹ ਲੈਣ ਵਿੱਚ ਮੁਸ਼ਕਲ, ਬੁੱਲ੍ਹਾਂ ਜਾਂ ਜੀਭ ਦੀ ਸੋਜ, ਛਪਾਕੀ, ਆਦਿ) ਜਾਂ ਹੋਰ ਮਾੜੇ ਪ੍ਰਭਾਵਾਂ ਦਾ ਅਨੁਭਵ ਹੁੰਦਾ ਹੈ, ਤਾਂ ਕਿਰਪਾ ਕਰਕੇ ਤੁਰੰਤ ਡਾਕਟਰ ਨਾਲ ਸਲਾਹ ਕਰੋ।</td></tr>
</table>

ਉਪਰੋਕਤ ਜਾਣਕਾਰੀ ਸਿਰਫ਼ ਹਵਾਲੇ ਲਈ ਹੈ।
ਜਨਤਾ ਨੂੰ ਇਨਫਲੂਏਂਜ਼ਾ ਟੀਕਾ ਲਗਵਾਉਣ ਤੋਂ ਪਹਿਲਾਂ ਆਪਣੇ ਪਰਿਵਾਰਕ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।